Punjabi

# ਐਕਸਅਸਾਈਜ਼ ਮਾਯੋਕਾਰਡਿਅਲ ਪਰਫ਼ਊਜ਼ਨ ਸਕੈਨ (ਐਮਪੀਆਈ/ਐਮਆਈਬੀਆਈ)

ਕਰਾਉਣ ਵਾਲੇ ਰੋਗੀਆਂ ਲਈ ਜਾਣਕਾਰੀ

Information for patients having a

# Exercise Myocardial Perfusion Scan (MPI/MIBI)



Vancouver Coastal Health — Promoting wellness. Ensuring care.

Providence Health Care — How you want to be treated.

fraserhealth — Better health. Best in health care.

ਕਿਰਪਾ ਕਰਕੇ ਆਪਣੇ ਆਪ ਨੂੰ ਚੈੱਕ-ਇਨ ਕਰਨ ਵਾਸਤੇ ਸਮਾਂ ਦੇਣ ਲਈ ਜਲਦੀ ਪੁੱਜੋ। ਕਿਰਪਾ ਕਰਕੇ ਆਪਣੇ ਨਾਲ ਫੋਟੋ ਸ਼ਨਾਖਤ ਅਤੇ ਆਪਣਾ ਬੀਸੀ BC Care Card (ਨਿਜੀ ਸੇਹਤ ਨੰਬਰ) ਲੈ ਕੇ ਆਓ।

12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਪਣੇ ਨਾਲ ਨਾ ਲੈ ਕੇ ਆਓ ਜੇ ਤੁਸੀਂ ਆਪਣੀ ਜਾਂਚ ਦੇ ਦੌਰਾਨ ਉਨ੍ਹਾਂ ਦੀ ਦੇਖਭਾਲ ਲਈ ਕਿਸੇ ਹੋਰ ਨੂੰ ਨਹੀਂ ਲੈ ਕੇ ਆਉਂਦੇ।

**ਸਾਡਾ ਸਟਾਫ ਤੁਹਾਡੇ ਨਾਲ ਅੰਗ੍ਰੇਜ਼ੀ ਵਿੱਚ ਗੱਲ ਕਰੇਗਾ। ਜੇ ਤੁਸੀਂ ਅੰਗ੍ਰੇਜ਼ੀ ਵਿੱਚ ਰਵਾਂ ਨਹੀਂ ਹੋ, ਕਿਰਪਾ ਕਰਕੇ ਆਪਣੇ ਨਾਲ ਇੱਕ ਬਾਲਗ ਅਨੁਵਾਦਕ ਨੂੰ ਲੈ ਕੇ ਆਓ ਜੋ ਪੂਰੀ ਜਾਂਚ ਦੇ ਦੌਰਾਨ ਤੁਹਾਡੇ ਨਾਲ ਠਹਿਰਣ ਦੇ ਯੋਗ ਹੋਵੇ।**

ਜੇ ਤੁਸੀਂ ਆਪਣੀ ਮਿੱਥੀ ਮੁਲਾਕਾਤ ਵਿੱਚ ਹਾਜ਼ਰ ਨਹੀਂ ਹੋ ਸਕਦੇ, ਕਿਰਪਾ ਕਰਕੇ ਉਸੇ ਵੇਲ੍ਹੇ ਵਿਭਾਗ ਨੂੰ ਫੋਨ ਕਰੋ। ਸਾਨੂੰ ਘੱਟ ਤੋਂ ਘੱਟ 24 ਘੰਟੇ ਪਹਿਲੇ ਸੂਚਨਾ ਮਿਲਣ ਤੇ ਅਸੀਂ ਤੁਹਾਡੇ ਸਮੇ ਨਿਰਧਾਰਨ ਦੀ ਵਰਤੋਂ ਦੂਜੇ ਰੋਗੀ ਲਈ ਕਰਨ ਯੋਗ ਹੁੰਦੇ ਹਾਂ।ਤੁਹਾਡੇ ਫੋਨ ਕਰਨ ਤੇ ਅਸੀਂ ਤੁਹਾਨੂੰ ਤੁਹਾਡੀ ਜਾਂਚ ਲਈ ਦੂਜੀ ਤਰੀਖ ਅਤੇ ਸਮਾਂ ਦੇਣ ਦੀ ਕੋਸ਼ਿਸ਼ ਕਰਾਂਗੇ।

ਕਿਰਪਾ ਕਰਕੇ ਆਪਣੀ ਮਿੱਥੀ ਮੁਲਾਕਾਤ ਤੇ ਇਤਰ, ਕੋਲੋਨ, ਜਾਂ ਆਫਟਰਸ਼ੇਵ ਨਾ ਲਗਾਓ। ਕਈ ਲੋਕਾਂ ਨੂੰ ਖੁਸ਼ਬੂਦਾਰ ਪਦਾਰਥਾਂ ਤੋਂ ਅਲਰਜ਼ੀ ਹੁੰਦੀ ਹੈ ਅਤੇ ਗੰਭੀਰ ਪ੍ਰਤੀਕਿਰਿਆਵਾਂ ਸਹਾਰ ਸਕਦੇ ਹਨ।

## ਮੈਂ ਇਹ ਜਾਂਚ ਕਿਉਂ ਕਰਵਾ ਰਿਹਾ ਹਾਂ?
## Why am I having this test?

ਇਸ ਜਾਂਚ ਦੀ ਵਰਤੋਂ ਕੋਰੋਨਰੀ ਧਮਣੀ ਬਿਮਾਰੀ ਦੀ ਜਾਂਚ ਕਰਨ ਲਈ ਕੀਤੀ ਜਾਂਦੀ ਹੈ। ਕੋਰੋਨਰੀ ਧਮਣੀਆਂ ਖੂਨ ਦੀਆਂ ਨਾੜੀਆਂ ਹੁੰਦੀਆਂ ਹਨ ਜੋ ਦਿਲ ਦੀ ਮਾਸਪੇਸ਼ੀ ਨੂੰ ਖੂਨ ਪ੍ਰਦਾਨ ਕਰਦੀਆਂ ਹਨ।

## ਮੈਨੂੰ ਜਾਂਚ ਤੋਂ ਪਹਿਲਾਂ ਕੀ ਕਰਨ ਦੀ ਲੋੜ ਹੈ?
## What do I need to do before the test?

ਕੀ ਤੁਹਾਨੂੰ ਰਬਰ ਤੋ ਅਲਰਜ਼ੀ ਹੈ? ਗਰਭਵਤੀ ਹੋ? ਸਤਨਪਾਨ ਕਰਾ ਰਹੇ ਹੋ? ਕਿਰਪਾ ਕਰਕੇ ਸਾਨੂੰ ਦੱਸੋ।

## ਜਾਂਚ ਤੋਂ ਪਹਿਲਾਂ 24 ਘੰਟਿਆਂ ਲਈ:
## For 24 hours before the test:

1. **ਸਾਰੇ ਕੈਫੀਨ ਉਤਪਾਦਾਂ ਨੂੰ ਬੰਦ ਕਰੋ।** ਕੈਫੀਨ ਉਤਪਾਦਾਂ ਵਿੱਚ ਕਾਫੀ, ਚਾਹ, ਬਿਨਾਂ ਕੈਫੀਨ ਤੋਂ ਕਾਫੀ ਅਤੇ ਚਾਹ, ਕੋਲਾ, ਸਾਰੀਆਂ ਕਾਰਬੋਨੇਟਿਡ ਬੋਤਲਾਂ (7UP ਅਤੇ ਜਿੰਜਰ ਏਲ ਨੂੰ ਛੱਡ ਕੇ) ਜਾਂ ਗੋਰਾਨਾ-ਸੰਮਿਲੱਤ ਪੇਅ ਸ਼ਾਮਲ ਹਨ।

ਕੈਫੀਨ ਹੇਠ ਦਿੱਤੀਆਂ ਇਨ੍ਹਾਂ ਦਵਾਈਆਂ ਵਿੱਚ ਵੀ ਹੁੰਦਾ ਹੈ:

- ਐਨਾਸਿਨ
- ਐਟਾਸੋਲ 8/15/30
- ਕੈਫੇਰਗੋਟ
- ਡ੍ਰਿਸਟਨ
- ਐਰਗੋਡ੍ਰਾਈਲ
- ਐਕਸੀਡ੍ਰਿਨ
- ਐਕਸਡੋਲ 15/30
- ਫਿਓਰਿਨਲ (ਹਰ ਪ੍ਰਕਾਰ ਦੀ)
- ਫ੍ਰੋਸਟ 222, 282, 292
- ਨੋਵੋਜੈਸਿਕ – 8/15/30
- ਰੇਸ਼ੋ ਲੈਨੋਲਟੈਕ #1,2,3
- ਰੇਸ਼ੋ ਟੈਕਨਲ
- ਟਾਇਲੇਨੋਲ #1,2,3
- ਟ੍ਰਿਆਟੇਕ 8/30

2. **ਬੀਟਾ ਬਲੌਕਰਸ** ਅਤੇ **ਕੈਲਸ਼ਿਅਮ ਚੈਨਲ ਬਲੌਕਰਸ** ਇਸ ਜਾਂਚ ਵਿੱਚ ਰੁਕਾਵਟ ਪਾ ਸਕਦੇ ਹਨ। ਕਿਰਪਾ ਕਰਕੇ ਤੁਸੀਂ ਆਪਣੀ ਕਿਸੇ ਵੀ ਦਵਾਈ ਨੂੰ ਬੰਦ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਗੱਲ ਕਰੋ। ਵਧੀਆ ਨਤੀਜਿਆਂ ਲਈ ਅਸੀਂ ਜਾਂਚ ਤੋਂ 24 ਘੰਟੇ ਪਹਿਲਾਂ ਬੀਟਾ ਬਲੌਕਰਸ ਅਤੇ ਕੈਲਸ਼ਿਅਮ ਚੈਨਲ ਬਲੌਕਰਸ ਨੂੰ ਬੰਦ ਕੀਤੇ ਜਾਣ ਦੀ ਸਲਾਹ ਦਿੰਦੇ ਹਾਂ।

ਉਦਾਹਰਨਾਂ ਹੇਠ ਦਿੱਤਿਆਂ ਨੂੰ ਸ਼ਾਮਲ ਕਰਦੀਆਂ ਹਨ, ਪਰ ਇਨ੍ਹਾਂ ਤੱਕ ਸੀਮਤ ਨਹੀਂ ਹਨ:

- ਐਡਲਟ (ਨਾਈਫੇਡਾਈਪਿਨ)
- ਬੀਟਾਲੋਕ (ਮੈਟ੍ਰੋਪੋਲੋਲ)
- ਬਲੌਕਾਡਰੇਨ (ਟਿਮੋਲੋਲ)
- ਕਾਰਡੀਜ਼ੇਮ (ਡਿਲਟਿਆਜ਼ਮ)
- ਕੋਰਗਾਰਡ (ਨਾਡੋਲੋਲ)
- ਇਨਡੇਰਲ (ਪ੍ਰੋਪ੍ਰਾਨੋਲੋਲ)
- ਇਸੋਪਟਿਨ (ਵੇਰਾਪਾਮਿਲ)
- ਲੋਪਰੈੱਸਰ (ਮੈਟੋਪ੍ਰੋਲੋਲ)
- ਮੋਨੀਟਨ (ਏਸਿਬੁਟੋਲੋਲ)
- ਸੈਕਟ੍ਰਲ (ਏਸਿਬੁਟੋਲੋਲ)
- ਸੋਟਾਸਰ (ਸੋਟਾਲੋਲ)
- ਟੇਨੋਰਿਮ (ਅਟੇਨੋਲੋਲ)
- ਟ੍ਰਾਨਡੇਟ (ਲਾਬੇਟੋਲੋਲ)
- ਟ੍ਰਾਂਸਿਸਰ (ਓਕਸਪ੍ਰੈਨੋਲੋਲ)
- ਵਿਸਕੇਨ (ਪਿਨਡੋਲੋਲ)

ਤੁਸੀਂ ਨਾਈਟ੍ਰੋਗਲਿਸ੍ਰਿਨ ਗੋਲੀਆਂ ਜਾਂ ਨਾਈਟ੍ਰੋ- ਸਪ੍ਰੇ ਦੀ ਵਰਤੋਂ ਨੂੰ ਜਾਰੀ ਰੱਖ ਸਕਦੇ ਹੋ।

## ਜਾਂਚ ਤੋਂ ਪਹਿਲਾਂ 4 ਘੰਟਿਆਂ ਲਈ:
## For 4 hours before the test:

ਜੱਦ ਤੱਕ ਅਸੀਂ ਤੁਹਾਨੂੰ ਨਹੀਂ ਕਹਿੰਦੇ ਕਿਸੇ ਵੀ ਚੀਜ ਨੂੰ ਨਾ ਹੀ ਖਾਓ ਤੇ ਨਾ ਹੀ ਪਿਓ। ਪਾਣੀ ਦੇ ਕੁਝ ਘੁੱਟ ਠੀਕ ਹਨ।

- ਜੇ ਤੁਸੀਂ ਆਪਣੇ ਡਾਕਟਰ ਦੁਆਰਾ ਨਿਰਧਾਰਤ ਲਗਾਤਾਰ ਦਵਾ(ਵਾਂ) ਨੂੰ ਲੈ ਰਹੇ ਹੋ ਜਾਂ ਇਨ੍ਹਾਂ 4 ਘੰਟਿਆਂ ਦੇ ਦੌਰਾਨ ਇਸ ਨੂੰ ਲੈਣ ਦੀ ਲੋੜ ਹੈ, ਆਪਣੀ ਦਵਾ(ਵਾਂ) ਨੂੰ ਥੋੜੇ ਪਾਣੀ ਨਾਲ ਲਓ।
- ਜੇ ਤੁਸੀਂ ਸ਼ੂਗਰ ਦੇ ਮਰੀਜ਼ ਹੋ ਅਤੇ ਤੁਹਾਨੂੰ ਇਨ੍ਹਾਂ 4 ਘੰਟਿਆਂ ਦੇ ਦੌਰਾਨ ਖਾਣ ਦੀ ਲੋੜ ਹੈ, ਆਪਣੀ ਦਵਾਈਆਂ ਨੂੰ ਲਓ ਅਤੇ ਆਪਣੀ ਬਲੱਡ ਸ਼ੂਗਰ ਦੀ ਦੇਖ-ਭਾਲ ਕਰਨ ਲਈ ਉਨ੍ਹਾਂ ਹੀ ਖਾਓ ਜਿੰਨੀ ਲੋੜ ਹੈ।

## ਆਪਣੇ ਨਾਲ ਲੈ ਕੇ ਆਓ:
## Bring with you:

- ਸਾਰੀਆਂ ਦਵਾਈਆਂ ਜੋ ਤੁਸੀਂ ਵਰਤਮਾਨ ਸਮੇਂ ਵਿੱਚ ਆਪਣੇ ਵਾਸਤਵਿਕ ਬਕਸਿਆਂ ਚੋਂ ਲੈ ਰਹੇ ਹੋ।
- ਦੋ ਹਲਕੇ ਭੋਜਨ ਜਾਂ ਹਲਕੇ ਭੋਜਨ ਨੂੰ ਖਰੀਦਣ ਲਈ ਪੈਸੇ।

ਕਿਰਪਾ ਕਰਕੇ ਖੁੱਲੇ, ਅਰਾਮਦੇਹ ਕਪੜੇ ਪਾਓ। ਅਸੀਂ ਤੁਹਾਨੂੰ ਲਾਸਟਿਕ ਕਮਰ ਵਾਲੀ ਪੈਂਟਾਂ ਅਤੇ ਜ਼ਿਪ ਜਾਂ ਧਾਤੂ ਦੇ ਬਟਨਾਂ ਤੋਂ ਬਿਨਾਂ ਦੀ ਟੀ-ਸ਼ਰਟ ਜਾਂ ਕਮੀਜ ਪਾਉਣ ਦੀ ਤਰਜੀਹ ਕਰਦੇ ਹਾਂ। ਤੁਹਾਨੂੰ ਆਪਣੇ ਕੱਪੜਿਆਂ ਨੂੰ ਹਸਪਤਾਲ ਦੇ ਖੁੱਲੇ ਤੇ ਲੰਮੇ ਗਾਉਨ ਵਿੱਚ ਬਦਲਣਾ ਪੈ ਸਕਦਾ ਹੈ। ਅਸੀਂ ਤੁਹਾਨੂੰ ਜੇਵਰ, ਐਨਕਾਂ ਜਾਂ ਹੋਰ ਧਾਤੂ ਦੀਆਂ ਚੀਜਾਂ ਨੂੰ ਉਤਾਰਣ ਲਈ ਕਹਿ ਸਕਦੇ ਹਾਂ ਕਿਉਂਕਿ ਉਹ ਸਕੈਨ ਵਿੱਚ ਰੁਕਾਵਟ ਪਾ ਸਕਦੀਆਂ ਹਨ।

## ਜਾਂਚ ਕਿੰਨੀ ਦੇਰ ਤਕ ਚੱਲੇਗੀ?
## How long will the test take?

ਜਾਂਚ ਦਾ ਕੁਲ ਸਮ੍ਹਾਂ ਲਗਭਗ ਚਾਰ ਤੋਂ ਪੰਜ ਘੰਟਿਆਂ ਦਾ ਹੈ, ਇਸਲਈ ਕਿਰਪਾ ਕਰਕੇ ਇਸਦੇ ਮੁਤਾਬਕ ਯੋਜਨਾ ਬਣਾਓ।

## ਜਾਂਚ ਦੇ ਦੌਰਾਨ ਕੀ ਹੁੰਦਾ ਹੈ?
## What happens during the test?

ਜਾਂਚ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ:

- 'ਵਿਸ਼ਰਾਮ' ਅਧਿਐਨ
- 'ਤਣਾਓ' ਅਧਿਐਨ

1. **'ਵਿਸ਼ਰਾਮ' ਅਧਿਐਨਯ** ਇਹ ਦੇਖਣ ਯੋਗ ਹੋਣ ਲਈ ਕਿ ਦਿਲ ਦੀ ਮਾਸਪੇਸ਼ੀਆਂ ਲਈ ਖ਼ੂਨ ਦੀ ਪੂਰਤੀ ਕਾਫੀ ਹੈ, ਸਾਨੂੰ ਰੇਡੀਓਐਕਟਿਵ ਸਮੱਗਰੀ ਦੀ ਥੋੜ੍ਹੀ ਮਾਤਰਾ ਤੁਹਾਨੂੰ ਦੇਣ ਦੀ ਲੋੜ ਹੋਵੇਗੀ ਜਿਸ ਨੂੰ ਅਸੀਂ ਐਮ.ਆਈ.ਬੀ.ਆਈ. ਜਾਂ ਮਾਯੋਵਿਊ ਕਹਿੰਦੇ ਹਾਂ। ਇਹ ਕਰਨ ਲਈ, ਅਸੀਂ ਆਈ.ਵੀ. ਸ਼ੁਰੂ ਕਰਾਂਗੇ। ਇਸ ਤੋਂ ਬਾਅਦ ਅਸੀਂ ਆਈ.ਵੀ. ਨਲਕੀਆਂ ਦੇ ਜਰੀਏ ਤੁਹਾਡੀ ਨਾੜੀ ਵਿੱਚ ਟ੍ਰੇਸਰ ਦਾ ਟੀਕਾ ਲਗਾਉਂਦੇ ਹਾਂ। ਆਈ.ਵੀ. ਜਾਂਚ ਦੇ ਦੋਨੋ ਭਾਗਾਂ ਲਈ ਤੁਹਾਡੀ ਬਾਂਹ ਵਿੱਚ ਰਹਿੰਦਾ ਹੈ।

   ਜੱਦ ਤੱਕ ਅਸੀਂ ਤੁਹਾਡੀ ਦਿਲ ਦੀ ਮਾਸਪੇਸ਼ੀਆਂ ਵਿੱਚ ਟ੍ਰੇਸਰ ਦੇ ਰਚ ਜਾਣ ਦੀ ਉਡੀਕ ਕਰਦੇ ਹਾਂ, ਤੁਹਾਨੂੰ ਹੁਣ ਆਪਣੇ ਨਾਲ ਲਿਆਉਂਦੇ ਹੋਏ ਜਾਂ ਭੋਜਨ ਭੰਡਾਰ ਜਾ ਕੇ ਪਹਿਲੇ ਹਲਕੇ ਭੋਜਨ ਨੂੰ ਖਾਣ ਦੀ ਲੋੜ ਹੁੰਦੀ ਹੈ। ਯਾਦ ਰੱਖੋ **– ਕੈਫੀਨ ਸਬੰਧੀ ਕੁਝ ਨਾ ਖਾਓ!**

   ਅਸੀਂ ਟੀਕੇ ਤੋਂ ਲਗਭਗ 1 ਜਾਂ 2 ਘੰਟਿਆਂ ਬਾਅਦ ਚਿੱਤਰ ਜਾਂ ਫੋਟੋਆਂ ਲੈਂਦੇ ਹਾਂ। ਅਸੀਂ ਤੁਹਾਨੂੰ ਦੱਸਾਂਗੇ ਕਿ ਵਿਭਾਗ ਵਿੱਚ ਵਾਪਸ ਜਾਣ ਦਾ ਸਮਾਂ ਕੀ ਹੈ।

   ਜਾਂਚ ਦੇ ਇਸ ਭਾਗ ਲਈ ਸਾਰੇ ਚਿੱਤਰਾਂ ਨੂੰ ਲੈਣ ਲਈ ਲਗਭਗ 1/2 ਘੰਟਾ ਲੱਗਦਾ ਹੈ।



2. **'ਤਣਾਓ' ਅਧਿਐਨ**: ਅਸੀਂ ਕਸਰਤ ਜਾਂਚ ਲਈ ਤੁਹਾਨੂੰ ਕਾਰਡਿਓਲੋਜੀ/ਈ.ਸੀ.ਜੀ. ਵਿਭਾਗ ਵਿੱਚ ਲੈ ਜਾਂਦੇ ਹਾਂ। ਫੇਰ ਅਸੀਂ ਤੁਹਾਡੀ ਆਈ.ਵੀ. ਲਾਈਨ ਵਿੱਚ ਤੁਹਾਨੂੰ ਟ੍ਰੇਸਰ ਦਾ ਦੂੱਜਾ ਟੀਕਾ ਲਗਾਉਂਦੇ ਹਾਂ।

   ਟ੍ਰੇਸਰ ਦੇ ਟੀਕੇ ਤੋਂ ਬਾਅਦ, ਤੁਸੀਂ ਦੂੱਜਾ ਹਲਕਾ ਭੋਜਨ ਖਾਂਦੇ ਹੋ। ਇਸ ਸਮੇਂ, ਜੇ ਤੁਸੀਂ ਚਾਹੋ ਤਾਂ ਤੁਸੀਂ ਹੁਣ ਕੈਫੀਨ-ਯੁਕਤ ਪੀਣ ਵਾਲੇ ਪਦਾਰਥ ਪੀ ਸਕਦੇ ਹੋ।

   ਅਸੀਂ ਟੀਕੇ ਤੋਂ ਲਗਭਗ 1 ਜਾਂ 2 ਘੰਟਿਆਂ ਬਾਅਦ ਚਿੱਤਰ ਲੈਂਦੇ ਹਾਂ। ਅਸੀਂ ਤੁਹਾਨੂੰ ਦੱਸਾਂਗੇ ਕਿ ਵਿਭਾਗ ਵਿੱਚ ਵਾਪਸ ਜਾਣ ਦਾ ਸਮਾਂ ਕੀ ਹੈ। ਤੁਸੀਂ ਸਾਡੇ ਉਡੀਕ ਵਾਲੇ ਕਮਰੇ ਵਿੱਚ ਜਾਂ ਭੋਜਨ ਭੰਡਾਰ ਵਿਚ ਉਡੀਕ ਕਰ ਸਕਦੇ ਹੋ ਪਰ ਤੁਹਾਡਾ ਹਸਪਤਾਲ ਨੂੰ ਨਾ ਛੱਡਣਾ ਲਾਜ਼ਮੀ ਹੈ।

   ਸਾਰੇ ਚਿੱਤਰਾਂ ਨੂੰ ਲੈਣ ਲਈ ਹੋਰ 1/2 ਘੰਟਾ ਲੱਗਦਾ ਹੈ।

## ਮੈ ਆਪਣੀ ਜਾਂਚ ਤੋ ਬਾਅਦ ਕੀ ਉਮੀਦ ਕਰ ਸਕਦਾ ਹਾਂ?
## What can I expect after my test?

ਟ੍ਰੇਸਰ ਤੁਹਾਨੂੰ ਕੁਝ ਵੀ ਵੱਖ ਮਹਿਸੂਸ ਕਰਨ ਯੋਗ ਨਹੀਂ ਬਣਾਵੇਗਾ। ਤੁਹਾਡਾ ਸ਼ਰੀਰ ਅੱਗਲੇ 2 ਹਫਤਿਆਂ ਤਕ ਕੁਦਰਤੀ ਤੌਰ 'ਤੇ ਤੁਹਾਡੀ ਪ੍ਰਣਾਲੀ ਤੋਂ ਟ੍ਰੇਸਰ ਨੂੰ ਹਟਾਵੇਗਾ।

ਆਪਣੇ ਡਾਕਟਰ ਨੂੰ ਫੋਨ ਕਰੋ ਜੇ ਤੁਹਾਨੂੰ ਕੋਈ ਚਿੰਤਾ ਹੈ ਜਾਂ ਮਨ ਵਿੱਚ ਕੋਈ ਸਵਾਲ ਹਨ।

ਅਸੀਂ ਜਾਂਚ ਪੂਰੀ ਕੀਤੇ ਜਾਣ ਤੋਂ ਬਾਅਦ 5 ਕੰਮਕਾਜੀ ਦਿਨਾਂ ਦੇ ਅੰਦਰ ਤੁਹਾਡੇ ਡਾਕਟਰ ਨੂੰ ਤੁਹਾਡੀ ਜਾਂਚ ਦੇ ਨਤੀਜੇ ਭੇਜਦੇ ਹਾਂ। ਜੇ ਤੁਹਾਡਾ ਡਾਕਟਰ ਦੋ ਹਫਤਿਆਂ ਦੇ ਅੰਦਰ ਤੁਹਾਡੇ ਨਤੀਜਿਆਂ ਨੂੰ ਪ੍ਰਾਪਤ ਨਹੀਂ ਕਰਦਾ, ਕਿਰਪਾ ਕਰਕੇ ਆਪਣੇ ਡਾਕਟਰ ਨੂੰ ਸਾਨੂੰ ਸੰਪਰਕ ਕਰਨ ਲਈ ਕਹੋ।

ਜੇ ਤੁਸੀਂ ਇਸ ਜਾਂਚ ਦੇ 10 ਦਿਨ ਦੇ ਅੰਦਰ ਸਫਰ ਕਰਨ ਦੀ ਯੋਜਨਾ ਬਣਾ ਰਹੇ ਹੋ, ਕਿਰਪਾ ਕਰਕੇ ਨਿਊਕਲਰ ਮੈਡੀਸਿਨ ਰਿਸੇਪਸ਼ਨਿਸਟ ਨੂੰ ਦੱਸੋ। ਅਸੀਂ ਤੁਹਾਨੂੰ ਇੱਕ ਪੱਤਰ ਦਿਆਂਗੇ ਜਿਸ ਵਿੱਚ ਲਿੱਖਿਆ ਹੁੰਦਾ ਹੈ ਕਿ ਤੁਹਾਨੂੰ ਇਸ ਜਾਂਚ ਲਈ ਰੇ ਡੀਓਐਕਟੀਵਿਟੀ ਦੀ ਛੋਟੀ ਮਾਤਰਾ ਦਿੱਤੀ ਗਈ ਹੈ।

## ਅਪਰੇਸ਼ਨ ਦੇ ਘੰਟੇ:

ਸੋਮਵਾਰ:

ਮੰਗਲਵਾਰ:

ਬੁੱਧਵਾਰ:

ਵੀਰਵਾਰ:

ਸ਼ੁੱਕਰਵਾਰ:

ਸ਼ਨਿੱਚਰਵਾਰ:

ਐਤਵਾਰ:

## ਸੰਪਰਕ ਨੰਬਰ

**ਰੋਗੀ ਦਾ ਨਾਂ:** ______________________________

**ਮਿੱਥੀ ਮੁਲਾਕਾਤ ਦੀ ਤਰੀਖ:** ______________________________

**ਮਿੱਥੀ ਮੁਲਾਕਾਤ ਦਾ ਸਮਾਂ:** ______________________________

ਹੋਰ ਕਾਪੀਆਂ ਲਈ, **http://vch.eduhealth.ca** ਤੇ ਆਨਲਾਈਨ ਜਾਓ ਜਾਂ
**phem@vch.ca** ਤੇ ਈ-ਮੇਲ ਕਰੋ ਅਤੇ ਕੈਟਾਲ਼ਗ ਨੰਬਰ ਦਸੋ **FD.117.I54.PU**
© Vancouver Coastal Health, March 2017

ਇਸ ਦਸਤਾਵੇਜ਼ ਵਿੱਚ ਦਿੱਤੀ ਗਈ ਜਾਣਕਾਰੀ ਪੂਰਨ ਤੌਰ ਤੇ ਸਿਰਫ
ਉਸ ਵਿਅਕਤੀ ਲਈ ਹੈ ਜਿਸਨੂੰ ਇਹ ਸੁਆਸਥ ਦੇਖਭਾਲ ਟੀਮ ਦੁਆਰਾ ਦਿੱਤਾ ਗਿਆ ਸੀ।

www.vch.ca